ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026

ISSN: 2583-9446 (O)
Paper Published Id: ARMN040118
Available online at: www.armaan.org.in
DOI: https://doi.org/10.64119/armaan.vol.4.issue1.18

# ਸਮਕਾਲੀ ਪੰਜਾਬੀ ਨਾਰੀ ਕਾਵਿ ਵਿਚ 'ਘਰ' ਦੇ ਬਿੰਬ ਦੀ ਪੇਸ਼ਕਾਰੀ

## Samkali Punjabi Nari Kaavi Vich 'Ghar' De Bimb Di Peshkari

**ਡਾ. ਰੁਪਿੰਦਰ ਕੌਰ (Dr.Rupinder Kaur)**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ (Assistant Professor, Dept. of Punjabi)
ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ (ਪੰਜਾਬ)
Email ID: Rupinderk960@gmail.com ਮੋਬਾਈਲ: +91-94171-68363

**ਸਾਰ (Abstract)**

*ਨਾਰੀ ਕਾਵਿ ਦਾ ਇਤਿਹਾਸਿਕ ਸਫ਼ਰ ਲਗਭਗ ਦੋ ਸਦੀਆਂ ਦੇ ਵੱਖ-ਵੱਖ ਪੜਾਵਾਂ ਅਤੇ ਵਿਭਿੰਨ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ। ਸਮਕਾਲੀ ਦੌਰ ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਨਾਰੀ ਹੋਂਦ ਦੇ ਮਸਲਿਆਂ ਨੇ ਨਵੇਂ ਆਯਾਮ ਗ੍ਰਹਿਣ ਕੀਤੇ ਹਨ। ਪ੍ਰਸਤੁਤ ਖੋਜ-ਪੱਤਰ ਨਾਰੀ ਕਾਵਿ ਦੇ ਪਰਿਪੇਖ ਵਿੱਚ 'ਘਰ' ਦੀ ਪਰੰਪਰਿਕ ਸੰਸਥਾ ਨੂੰ ਮਰਦ-ਸੱਤਾ ਦੀ ਰਿਆਸਤ, ਨਾਰੀ ਦਾਸਤਾ ਅਤੇ ਅਸਤਿੱਤਵਹੀਣਤਾ ਦੇ ਕੇਂਦਰ ਵਜੋਂ ਪਛਾਣਦਾ ਹੈ। ਇਸ ਅਧਿਐਨ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਔਰਤ ਪੇਕੇ ਘਰ 'ਪਰਾਇਆ ਧਨ' ਅਤੇ ਸਹੁਰੇ ਘਰ 'ਬੇਗਾਨੀ ਧੀ' ਹੋਣ ਦਾ ਦੂਹਰਾ ਸੰਤਾਪ ਭੋਗਦੀ ਹੋਈ ਆਪਣੇ 'ਅਸਲੀ ਘਰ' ਦੇ ਸੰਕਲਪ ਤੋਂ ਵਾਂਝੀ ਰਹਿੰਦੀ ਹੈ। ਨਾਰੀ ਕਾਵਿ ਵਿੱਚ ਘਰ ਦੇ ਇਹ ਰਵਾਇਤੀ ਅਰਥ ਤਿੜਕਦੇ ਦਿਖਾਈ ਦਿੰਦੇ ਹਨ ਅਤੇ ਨਿਰਾਸਤਾ ਦੇ ਆਲਮ ਵਿੱਚੋਂ ਇੱਕ ਨਵਾਂ ਅਰਥ-ਪ੍ਰਬੰਧ ਸਿਰਜਿਆ ਜਾਂਦਾ ਹੈ। ਇਹ ਖੋਜ-ਪੱਤਰ ਨਾਰੀ ਮਨ ਦੇ ਇਹਨਾਂ ਜਟਿਲ ਮਨੋਭਾਵਾਂ ਨੂੰ ਕਵਿਤਾ ਵਿੱਚ ਵਰਤੇ ਗਏ 'ਘਰ' ਦੇ ਬਿੰਬਾਂ ਰਾਹੀਂ ਅਭਿਵਿਅਕਤ ਕਰਨ ਦੀ ਕੋਸ਼ਿਸ਼ ਕਰਦਾ ਹੈ।*

*ਕੀਵਰਡ (Keyword): ਨਾਰੀਕਾਵਿ, ਸਮਕਾਲ, ਬਿੰਬ, ਪਰੰਪਰਿਕ, ਅਵਚੇਤਨ, ਅਭਿਵਿਅਕਤੀ, ਵਿਵਹਾਰਕ, ਵਿਚਾਰਧਾਰਕ।*

ਨਾਰੀ ਕਾਵਿ ਤੋਂ ਭਾਵ ਨਾਰੀ ਦੁਆਰਾ ਸਿਰਜਿਆ ਕਾਵਿ ਹੈ, ਜਿਸ ਵਿਚ ਨਾਰੀ ਦੇ ਆਪੇ, ਅਨੁਭਵਾਂ ਅਤੇ ਭਾਵਾਂ ਪ੍ਰਗਟਾਵਾ ਕੀਤਾ ਜਾਂਦਾ ਹੈ। ਨਾਰੀ ਕਾਵਿ ਵਿਚ ਜ਼ਿਆਦਾਤਰ ਨਾਰੀ ਕਵਿਤਰੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਕਿਉਂਕਿ ਨਾਰੀ ਆਪਣੇ ਹੰਢਾਏ ਅਨੁਭਵਾਂ ਅਤੇ ਆਪਣੀ ਸੰਵੇਦਨਾ ਨੂੰ ਵਧੇਰੇ ਪ੍ਰਪੱਕਤਾ ਨਾਲ ਪ੍ਰਸਤੁਤ ਕਰ ਸਕਦੀ ਹੈ। ਭਾਵੇਂ ਅਨੇਕਾਂ ਮਰਦ ਕਵੀ ਵੀ ਔਰਤ ਦੀ ਸੰਵੇਦਨਾ ਦੀਆਂ ਪਰਤਾਂ ਨੂੰ ਖੋਲਣ ਵਿਚ ਕਾਮਯਾਬ ਹੋਏ ਹਨ। ਪਰ ਨਾਰੀ ਮਰਦ ਨਾਲੋਂ ਭਿੰਨ ਹੋਣ ਕਰਕੇ, ਪ੍ਰਾਪਤ ਸਮਾਜਿਕ, ਸੱਭਿਆਚਾਰਕ ਪ੍ਰਸਥਿਤੀਆਂ , ਹਾਸ਼ੀਆਗਤ ਹੋਂਦ ਅਤੇ ਨਰ-ਮਾਦਾ ਸੰਬੰਧਾਂ ਵਿਚਲੇ ਅਸਾਵੇਂਪਣ ਕਰਕੇ ਨਾਰੀ ਦਾ ਅਨੁਭਵ ਅਤੇ ਨਜ਼ਰੀਆ ਵਿਸ਼ੇਸ਼ (ਨਾਰੀ ਧਿਰ) ਦੀ ਪ੍ਰਤੀਨਿਧਤਾ ਕਰਦਾ ਹੈ। ਜਿੱਥੇ ਪੂਰਵ ਕਾਲ ਵਿਚ ਨਾਰੀ ਕਾਵਿ ਦੀ ਸੁਰ ਸੁਧਾਰਕ, ਵੇਦਨਾਮੂਲਕ ਅਤੇ ਸਮਝੌਤਾਵਾਦੀ ਨਜ਼ਰ ਆਉਂਦੀ ਹੈ, ਉੱਥੇ ਉੱਤਰ ਕਾਲ ਵਿਚ ਇਹ ਸੁਰ ਵਿਦਰੋਹੀ ਅਤੇ ਸੰਵਾਦ ਵਾਲੀ ਬਣ ਜਾਂਦੀ ਹੈ ਜਿਸ ਵਿਚ ਮਰਦ ਨਾਲ ਸਮਝੌਤੇ ਦੀ ਭਾਵਨਾ ਨਾਲੋਂ ਟਕਰਾਓ ਅਤੇ ਵਿਰੋਧ ਦੀ ਭਾਵਨਾ ਵਧੇਰੇ ਹੈ। ਅਜੋਕੀ ਨਾਰੀ ਪੰਜਾਬੀ ਕਵਿਤਾ ਵਿਚ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ, ਵਿੱਦਿਆ ਦੇ ਪ੍ਰਭਾਵ, ਰਾਖਵੇਂਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਹੇਠ ਆਈ ਔਰਤ ਦੇ ਮੂਲ ਮਸਲਿਆਂ, ਦਵੰਦਾਂ, ਸੰਕਟਾਂ ਅਤੇ ਔਰਤ ਮਾਨਸਿਕਤਾ ਵਿਚ ਆਏ ਬਦਲਾਵਾਂ ਦੇ ਵਿੰਭਿਨ ਪਸਾਰਾਂ ਦਾ ਬਹੁ ਪਰਤੀ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਇਸ ਦੌਰ ਦੀ ਕਵਿਤਾ ਔਰਤ ਜੀਵਨ ਦੇ ਯਥਾਰਥ ਦੀਆਂ ਸਥਿਤੀਆਂ ਪ੍ਰਸਥਿਤੀਆਂ ਨੂੰ ਅਨੁਭਵ ਕਰਦੀ ਹੋਈ ਇਹਨਾਂ ਨੂੰ ਪਰਿਵਰਤਿਤ ਕਰਨ ਲਈ ਵੀ ਯਤਨਸ਼ੀਲ ਹੈ। ਇਸ ਖੋਜ ਪੇਪਰ ਵਿਚ ਨਾਰੀ ਕਾਵਿ ਵਿਚ 'ਘਰ' ਦੇ ਬਿੰਬ ਰਾਹੀਂ ਨਾਰੀ ਦਾ ਆਪਣਾ ਘਰ ਹੋਣ ਦੀ ਚਾਹਤ ਅਤੇ ਅਧਿਕਾਰ ਨੂੰ ਵੱਖ-ਵੱਖ ਸਥਿਤੀਆਂ-ਪ੍ਰਸਥਿਤੀਆਂ ਤੋਂ ਉਭਾਰਿਆ ਹੈ। ਔਰਤ ਪੇਕੇ ਘਰ ਹਮੇਸ਼ਾ ਪਰਾਏ ਜਾਂ ਬੇਗਾਨੇ ਧਨ ਦਾ ਸੰਤਾਪ ਅਤੇ ਸਹੁਰੇ ਘਰ ਬੇਗਾਨੀ ਧੀ ਹੋਣ ਦਾ ਸੰਤਾਪ ਭੋਗਦੀ ਹੈ। ਉਸਦੇ ਆਪਣੇ ਜ਼ਿਹਨ ਵਿਚ ਜੋ ਨਿੱਜੀ ਘਰ ਦਾ ਸੰਕਲਪ ਪੈਦਾ ਹੁੰਦਾ ਹੈ, ਉਹ ਉਸ ਨੂੰ ਕਦੇ ਨਸੀਬ ਨਹੀਂ ਹੁੰਦਾ। ਅਜੋਕੀ ਔਰਤ ਹੁਣ ਉਹ ਪੁਰਾਣਾ ਕਿਰਦਾਰ ਨਿਭਾਉਣ ਲਈ ਤਿਆਰ ਨਹੀਂ ਜੋ ਉਸਨੂੰ ਘਰ ਦੀ ਚਾਰਦੀਵਾਰੀ ਅੰਦਰ ਜ਼ਿੰਦਗੀ ਨਿਭਾਉਣ ਲਈ ਤਿਆਰ ਕਰਦਾ ਹੈ ਅਤੇ ਫਿਰ ਸਮਾਜ਼ ਉਸਨੂੰ ਮਜ਼ਬੂਰੀਆਂ ਦਾ ਨਾਂ ਦੇ ਕੇ ਕਮਜ਼ੋਰ ਅਤੇ ਆਤਮ ਨਿਰਭਰਤਾ ਤੋਂ ਦੂਰ ਕਰ ਦਿੰਦਾ ਹੈ। ਹੁਣ ਉਹ ਆਤਮ- ਵਿਸ਼ਵਾਸ਼ੀ ਹੋ ਕੇ ਪੂਰੀ ਵਿਵਸਥਾ ਤੋਂ ਬਾਗੀ ਹੋ ਚੁੱਕੀ ਹੈ ਅਜਿਹੀ ਅਭਿਵਿਅਕਤੀ ਦਾ ਪ੍ਰਗਟਾਵਾ ਸੁਖਵਿੰਦਰ ਅੰਮ੍ਰਿਤ ਆਪਣੀ ਕਵਿਤਾ ਵਿਚ ਕਰਦੀ ਹੈ:

*ਪਰ ਪੌਣਾਂ ਦਾ ਕੰਧਾਂ ਨਾਲ*
*ਸਮਝੌਤਾ ਨਾ ਹੋਇਆ*
*ਤੇ ਬੇਬਸੀ ਵਿਚ ਉਸਦੀ ਚੀਕ ਨਿਕਲ ਗਈ*
*ਤ੍ਰਭਕ ਕੇ ਉੱਠਿਆ*
*ਦਰਵਾਜ਼ੇ ਕੋਲ ਊਂਘਦਾ*
*ਮਰਿਯਾਦਾ ਦਾ ਚੌਬਦਾਰ*
*ਪਰ*
*ਸਮੁੰਦਰ ਵੱਲ ਜਾਂਦੀ ਨਦੀ ਦੇ ਜਲੌਅ ਨੂੰ ਵੇਖ ਕੇ*
*ਪਾਸੇ ਹਟਣਾ ਪਿਆ ਉਸਨੂੰ*
*ਕੁਦਰਤ ਨਾਲ ਆਢਾ ਕੌਣ ਲੈਂਦਾ।*[1]

ਅਜੋਕੀ ਕਵਿਤਰੀ ਨੇ ਪਰੰਪਰਗਤ ਔਰਤ ਦੀ ਮਾਨਸਿਕਤਾ ਵਿਚਲੇ ਘਰ ਦੇ ਵਿਚਾਰਧਾਰਕ ਤਰਕ ਨੂੰ ਠੁਕਰਾਇਆ ਹੈ। ਘਰ ਦਾ ਨਕਾਰਣ ਉਸ ਲਈ ਅਸਲ ਵਿਚ ਮਰਦਾਵੀਂ ਨਿਰੰਕਸਤਾ ਦਾ ਨਕਾਰਨ ਹੈ। ਇਸਦੇ ਸਮਵਿੱਥ ਉਹ ਬਰਾਬਰਤਾ ਨੂੰ ਅਤੇ ਆਪਣੀ ਸੁਤੰਤਰ ਸੋਚ ਨੂੰ ਥਾਂ ਦੇਣ ਲੱਗਦੀ ਹੈ। ਵਰਤਮਾਨ ਨਾਰੀ ਦਾ ਨਿੱਜੀ ਅਨੁਭਵ ਵਿਚਾਰ ਦੇ ਪੱਧਰ ’ਤੇ ਘਰ ਤੋਂ ਸ਼ੁਰੂ ਹੋ ਕੇ ਸਮਾਜਿਕ-ਆਰਥਿਕ ਦਾਇਰੇ ਤਕ ਫੈਲਿਆ ਹੋਇਆ ਹੈ। ਇਹਨਾਂ ਦਾਇਰਿਆਂ ’ਚੋਂ ਨਾਰੀ ਨੇ ਕਾਵਿ-ਬਿੰਬਾਂ ਦਾ ਚਿਤਰਨ ਉਜਾਗਰ ਕੀਤਾ ਹੈ। ਨਾਰੀ ਦਾ ਘਰ ਬਾਰੇ ਵਿਚਾਰ, ਘਰ ਦਾ ਸੰਕਲਪ, ਘਰ ਦਾ ਸੁਪਨਾ, ਮਰਜ਼ੀ ਦਾ ਘਰ ਬਣਾਉਣ, ਵਸਾਉਣ ਦੀ ਹਸਰਤ, ਘਰ ਤੋਂ ਦੂਰ ਹੋਣ ਦਾ ਹੇਰਵਾ, ਘਰ ਵਿਚਲੀ ਸੁਰੱਖਿਆ ਜਾਂ ਨਿੱਘ ਆਦਿ ਸਰੋਕਾਰ ਸਮਕਾਲ ਦੀ ਸਮੁੱਚੀ ਨਾਰੀ ਕਵਿਤਾ ਵਿਚ ਚੇਤਨ ਅਤੇ ਅਚੇਤਨ ਪੱਧਰ ’ਤੇ ਦ੍ਰਿਸ਼ਟੀਗੋਚਰ ਹੁੰਦੇ ਹਨ। ਵਿਚਾਰ ਅਧੀਨ ਨਾਰੀ ਕਾਵਿ ਵਿਚ ਘਰ-ਵਿਹੀਣ, ਘਰ ਨਿਰਲੇਪਤਾ ਅਤੇ ਖ਼ਲਾਅਵਾਸੀ ਹੋਣ ਦੇ ਅਹਿਸਾਸ ਨੂੰ ਬੜੀ ਸ਼ਿੱਦਤ ਨਾਲ ਬਿੰਬਾਂ ਦੁਆਰਾ ਉਭਾਰਿਆ ਗਿਆ ਹੈ। ਜਿਵੇਂ ਕਿ ਕਵਿੱਤਰੀ ਮਨਦੀਪ ਕੌਰ ਘਰ ਦੇ ਰਵਾਇਤੀ ਬਿੰਬ ਨੂੰ ਤੋੜ ਕੇ ਘਰ ਨੂੰ ਅਜੋਕੇ ਯਥਾਰਥਕ ਅਰਥਾਂ ਵਿੱਚ ਲਿਆ ਖੜ੍ਹਾ ਕਰਦੀ ਹੈ। ਉਹ ਰੋਜ਼ਾਨਾ ਜੀਵਨ ਦੀ ਪਦਾਰਥਕ ਜ਼ਰੂਰਤ, ਭੱਜ-ਦੌੜ ਦੁਆਰਾ ਘਰ ਦੇ ਸੰਕਲਪਗਤ ਰੂਪਾਂਤਰਨ ਬਿੰਬਾਂ ਨੂੰ ਵੱਖਰੇ-ਵੱਖਰੇ ਰੂਪਾਂ ਤੋਂ ਉਭਾਰਦੀ ਹੈ। ਉਸ ਅਨੁਸਾਰ ਅਜੋਕੇ ਸਮੇਂ ‘ਘਰ` ਉਹ ਘਰ ਨਹੀਂ ਰਿਹਾ ਜਿਸ ਦੀ ਖ਼ੁਸੀ, ਚਾਅ ਬਚਪਨ ਵੇਲੇ ਮਨ ਮਸਤਕ ਵਿੱਚ ਰਹਿੰਦੀ ਸੀ, ਵਰਤਮਾਨ ਦੌਰ ਵਿਚ ਘਰ ਦਾ ਬਿੰਬ ਬਦਲ ਚੁੱਕਾ ਹੈ। ਜਿਵੇਂ ਕਿ ਉਹ ਕਹਿੰਦੀ ਹੈ ਕਿ:

*ਸੋਚਦੀ ਹਾਂ*
*ਘਰ ਤਾਂ ਕਿਤੇ ਵੀ ਹੋ ਸਕਦਾ*
*ਹੁਣ ਮੈਂ ਆਪਣਾ ਘਰ ਆਪਣੇ ਨਾਲ ਲੈ ਕੇ ਚਲਦੀ ਹਾਂ ਹਮੇਸ਼ਾ*
*ਬੱਸਾਂ ਵਿਚ*
*ਕਿਤਾਬਾਂ ਵਿਚ*
*ਦਫ਼ਤਰ ਵਿਚ*
*ਤੇ ਮੇਰੇ ਝੋਲੇ ਦੇ ਕਿਸੇ*
*ਕੋਨੇ ਵਿਚ*
*ਹਰ ਜਗ੍ਹਾ ਮੇਰਾ ਘਰ ਹੀ ਤਾਂ ਹੈ।* [2]

ਅਜੋਕੀ ਨਾਰੀ ਘਰ ਦੇ ਬੰਦਨ ਤੋਂ ਆਜ਼ਾਦ ਹੋਣਾ ਲੋਚਦੀ ਹੈ ਉਸ ਦਾ ਘਰ ਬਾਰੇ ਦ੍ਰਿਸ਼ਟੀਕੋਣ ਨਾਕਾਰਤਮਕ ਰੂਪ ਵਿਚ ਉਭਰਦਾ ਹੈ। ਅਜੋਕੀ ਨਾਰੀ ਲਈ ਘਰ ਬਾਰੇ ਗਿਆਨ ਮਨੋਵਿਗਿਆਨਕ ਦ੍ਰਿਸ਼ਟੀ ’ਚੋਂ ਪਰਿਭਾਸ਼ਿਤ ਹੈ। ਘਰ ਮਾਨਵੀ ਸੰਵੇਦਨਾ ਦੀ ਬੁਨਿਆਦ ਨੂੰ ਪੁਖਤਾ ਕਰਨ ਦੇ ਨਾਲ ਉਸ ਦੇ ਜੀਵਨ ਸੰਘਰਸ਼ ਵਿਚ ਮੋਹਰੀ ਭੂਮਿਕਾ ਨੂੰ ਦਰਸਾਉਦਾ ਹੈ। ਘਰ ਬਾਰੇ ਹਰੇਕ ਨਾਰੀ ਕਵਿਤਰੀ ਦਾ ਅਨੁਭਵ ਵਿਭਿੰਨ ਰੂਪ ਵਜੋਂ ਸਥਾਪਿਤ ਹੋਇਆ ਹੈ। ਪੰਜਾਬੀ ਸਮਾਜ ਵਿੱਚ ਔਰਤ ਦੋ ਘਰਾਂ ਨਾਲ ਬਾਵਸਤਾ ਹੁੰਦੀ ਹੈ- ਉਸਦਾ ਪੇਕਾ ਘਰ ਅਤੇ ਸਹੁਰਾ ਘਰ। ਦੋਵੇਂ ਘਰਾਂ ਵਿੱਚ ਮਰਦਾਵਾਂ ਪ੍ਰਬੰਧ ਉਸ ਉੱਪਰ ਵੱਖੋ-ਵੱਖਰੀ ਤਰ੍ਹਾਂ ਅਸਰ-ਅੰਦਾਜ਼ ਹੁੰਦਾ ਹੈ। ਪਰਿਵਾਰ ਨਾਰੀ ਸ਼ਖ਼ਸੀਅਤ ਉੱਪਰ ਪਿਤਾ-ਪੁਰਖ਼ੀ ਗ਼ੁਲਾਮੀ ਦਾ ਮੁਲੰਮਾ ਚੜ੍ਹਾਉਂਦਾ ਹੈ। ਪੰਜਾਬੀ ਕਵਿੱਤਰੀ ਇਸ ਵਰਤਾਰੇ ਪ੍ਰਤੀ ਕਿੰਨੀ ਕੁ ਸੁਚੇਤ ਹੈ ਅਤੇ ਘਰ ਦੀ ਵਲਗਣ ਅੰਦਰ ਨਾਰੀ ਅਹਿਸਾਸਾਂ ਨੂੰ ਉਹ ਕਿਸ ਤਰ੍ਹਾਂ ਪ੍ਰਗਟਾਉਂਦੀ ਹੈ? ਇਹ ਪ੍ਰਸ਼ਨ ਬਹੁਤ ਦਿਲਚਸਪ ਹੈ। ਪੰਜਾਬੀ ਨਾਰੀ ਕਾਵਿ ਵਿੱਚ ਘਰ,'ਪਿੰਜਰਾ','ਕੱਚ ਦਾ ਮਰਤਬਾਨ','ਕਿਲ੍ਹਾ','ਰੇਤ ਦਾ ਟਿੱਲਾ','ਜੰਗਲ','ਖ਼ਲਾਅ','ਝੂਠੇ ਰਿਸ਼ਤਿਆਂ ਉੱਤੇ ਸੁਨਿਹਿਰੀ ਲੇਬਲ','ਮਹਿਜ ਪਦਾਰਥਕ ਹੋਂਦ' ਆਦਿ ਬਿੰਬ ਵਜੋਂ ਪਰਿਭਾਸ਼ਤ ਹੋਏ ਮਿਲਦੇ ਹਨ ਜਿਵੇਂ ਕਿ ਕਵਿੱਤਰੀ ਮਨਜੀਤ ਟਿਵਾਣਾ ਕਹਿੰਦੀ ਹੈ ਕਿ:

*ਘਰ ਤਾਂ ਝੂਠੇ ਰਿਸ਼ਤਿਆਂ ਉੱਤੇ*
*ਸੁਨਹਿਰੀ ਲੇਬਲ ਹੁੰਦਾ ਹੈ*
*ਤੂੰ ਆਪਣੇ ਮਸਤਕ ਦੀ ਲਾਟ ਨਾਲ*
*ਉਸ ਝੂਠੇ ਲੇਬਲ ਨੂੰ ਕਿਵੇਂ ਰੁਸ਼ਨਾਏਂਗੀ*
*ਮੈਂ ਸੋਚੀਂ ਪੈ ਜਾਂਦੀ ਹੈ।* [3]

*ਮੈਂ ਕਿੰਨੇ ਹੀ ਬਣਾਏ ਨੇ*
*ਖਾਨਾਬਦੋਸ਼ਾਂ ਲਈ ਘਰ*
*ਪਰ ਮੈਂ*
*ਅਜੇ ਵੀ ਆਪਣੇ ਕਮਰੇ ਦੀ*
*ਛੱਤ ਦੀਆਂ ਨੁੱਕਰਾਂ ਚ*
*ਜਾਲੇ ਵਾਂਗੂੰ ਲਟਕ ਰਹੀ ਹਾਂ* [4]

ਪਾਲ ਕੌਰ ਦੇ ਉਪਰੋਕਤ ਕਾਵਿ ਵਿਚ ਘਰ ਦਾ ਅਨੁਭਵ ਉਸ ਤਣਾਅ ਨੂੰ ਬਿਆਨ ਕਰਦਾ ਹੈ ਕਿ ਔਰਤ ਦਾ ਜਿਸ ਘਰ ਵਿਚ ਜਨਮ ਹੁੰਦਾ ਹੈ ਉੱਥੇ ਹੀ ਉਸਨੂੰ ਬੇਗਾਨਾ ਹੋਣ ਦਾ ਅਹਿਸਾਸ ਕਰਾਇਆ ਜਾਂਦਾ ਹੈ। ਇਸ ਕਵਿਤਾ ਵਿਚਲੀ ਔਰਤ ਆਪਣੇ ਵਜੂਦ ਨੂੰ ਕਿਸੇ ਬੇਲੋੜੀ ਵਸਤੂ ਵਾਂਗ ਰੂਪਮਾਨ ਕਰਦੀ ਹੈ। ਪਰ ਉਸਦੇ ਘਰ ਪ੍ਰਤੀ ਅਨੁਭਵ ਦਾ ਦੂਸਰਾ ਪੱਖ ਇਹ ਵੀ ਉਭਰ ਕੇ ਸਾਹਮਣੇ ਆਇਆ ਹੈ ਕਿ ਔਰਤ ਦਾ ਕਿਰਦਾਰ ਦੋਹਰੇ ਬੰਧਨਾਂ ਵਿਚ ਉਜਾਗਰ ਹੁੰਦਾ ਹੈ ਕਿ ਓਹ ਆਪਣੀ ਸਮਾਜਿਕ ਹੋਂਦ ਲਈ ਪਰਿਵਾਰ ਦੇ ਨਾਲ, ਸਮਾਜ ਨਾਲ ਸਹਿਹੋਂਦ ਦੇ ਰਿਸ਼ਤੇ ਨੂੰ ਨਿਭਾਉਂਦੀ ਹੈ। ਨਾਰੀ ਲਈ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨੌਕਰੀ ਦੇ ਨਾਲ ਘਰ ਵੀ ਸੰਭਾਲਣ ਦਾ ਜ਼ੁੰਮਾ ਚੁਕਣਾ ਪੈਂਦਾ ਹੈ ਪਰ ਅਜਿਹੀ ਕਵਿਤਾ ਇਸ ਧਾਰਨਾ ਤੇ ਵੀ ਪ੍ਰਸ਼ਨ ਚਿੰਨ੍ਹ ਲਾਉਂਦੀ ਨਜ਼ਰ ਆਉਂਦੀ ਹੈ ਕਿ ਆਰਥਿਕ ਤੌਰ ਤੇ ਸੰਪੰਨ ਹੋਣ ਨਾਲ ਔਰਤ ਦੇ ਮਸਲੇ ਹੱਲ ਹੋ ਜਾਣਗੇ ਕੀ ਮਰਦ ਦੀ ਇਹ ਕਾਬਜ਼ ਬਿਰਤੀ ਔਰਤ ਨੂੰ ਬਰਾਬਰ ਮੰਨਣ ਲਈ ਅਜੇ ਵੀ ਤਿਆਰ ਨਹੀਂ:

*ਘਰੋਂ ਕੰਮ ਤੇ ਕੰਮ ਤੋਂ ਘਰ*
*ਅਣਥੱਕ ਯਾਤਰਾ ਕਰਦੀ-*
*ਪਿਤਾ ਦਾ ਹੱਥ ਵਟਾਉਂਦੀ*
*ਬਣ ਜਾਂਦੀ ਏ ਭੈਣ-ਭਰਾਵਾਂ ਦੀ ਮਾਂ*
*ਚਿਰ-ਕੁਆਰੀ ਕੁੜੀ* [5]

ਔਰਤ ਲਈ ਘਰ ਇੱਟਾਂ ਨਾਲ ਬਣੀ ਇਮਾਰਤ ਤੋਂ ਅਗਾਂਹ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ ਹੈ ਜਿਸਦਾ ਅਹਿਸਾਸ ਮੁੱਢ ਕਦੀਮ ਤੋਂ ਘਰ ਨਾਲ ਜੁੜੇ ਰਹਿਣ ਸਦਕਾ ਔਰਤ ਨੂੰ ਵਧੇਰੇ ਹੈ। ਇਸ ਕਰਕੇ ਉਸਦੀ ਜ਼ਿੰਦਗੀ ਨਾਲ ਜੁੜੇ ਹਰ ਪਹਿਲੂ ਘਰ ਦੇ ਅਹਿਸਾਸਾਂ ਨੂੰ ਮੂਰਤੀਮਾਨ ਕਰਦੇ ਹਨ। ਅਨੇਕਾਂ ਤੱਤਾਂ ਦਾ ਸੰਗਠਿਤ ਵਰਤਾਰਾ ਘਰ ਦੀ ਹੋਂਦ ਨਾਲ ਸੰਬੰਧਿਤ ਅਨੁਭਵਾਂ ਨੂੰ ਸਥਾਪਿਤ ਕਰਦਾ ਹੈ। ਰੋਜ਼ਾਨਾਂ ਜ਼ਿੰਦਗੀ ਦੀਆਂ ਅਨੇਕਾਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਔਰਤ ਘਰ ਦੇ ਕੰਮਾਂ ਜੋਗੀ

ਹੀ ਰਹਿ ਗਈ ਕਿਉਂਕਿ ਕੰਮ ਦੀ ਵੰਡ ਸਮੇਂ ਔਰਤ ਨੂੰ ਘਰ ਦੀ ਚਾਰ ਦੀਵਾਰੀ ਅੰਦਰਲੇ ਕੰਮ ਹੀ ਸੌਂਪੇ ਗਏ ਪਰ ਅੱਜ ਦੀ ਔਰਤ ਜੋ ਘਰ ਤੋਂ ਬਾਹਰ ਕੰਮ ਕਰਦੀ ਹੈ ਉਹ ਦੋਹਰੇ ਮਾਪਦੰਡਾਂ ਨੂੰ ਹੰਢਾਉਂਦੀ ਹੈ। ਅਜਿਹੇ ਹੀ ਨਿੱਜੀ ਅਨੁਭਵਾਂ ਨੂੰ ਨੀਤੂ ਅਰੋੜਾ ਪ੍ਰਗਟਾਉਂਦੀ ਹੈ:

*ਰਸੋਈ ਘਰ 'ਚ ਖੜੋਤੀ ਮੁਟਿਆਰ*
*ਗੈਸ ਚੁਲ੍ਹੇ 'ਤੇ ਕੁੱਕਰ ਮਾਰਦਾ ਸੀਟੀਆਂ*
*ਰਸੋਈ ਘਰ ਤੋਂ ਬਾਹਰ ਖੜੋਤਾ ਮਨ ਮੁਟਿਆਰ ਦਾ*
*ਘਰ ਦੇ ਬਾਹਰ ਹਵਾਵਾਂ ਫਿਜਾਵਾਂ ਦੇ ਬੁਲ੍ਹੇ*
*ਮਾਰਦੇ ਸੀਟੀਆਂ*
*ਪੈਰ ਸਰਦਲ ਦੇ ਬਾਹਰ ਜਾਣ ਨੂੰ*
*ਹੁੰਦੇ ਉਤਾਵਲੇ।* [6]

*ਰਸੋਈ ਵਿਚ ਕੰਮ ਕਰਦਿਆਂ*
*ਮੈਂ ਅਕਸਰ ਖਿਝ ਜਾਂਦੀ ਹਾਂ*
*ਕਿੰਨਾ ਹੌਲੀ- ਹੌਲੀ ਵਾਪਰਦਾ ਸਭ ਕੁਝ*
*ਬਹੁਤ ਸਮਾਂ ਲੱਗਦਾ*
*ਕੁੱਕਰ ਦੀ ਵਿਸਲ ਆਉਣ ਵਿਚ*
*ਦੁੱਧ ਛੇਤੀ ਛੇਤੀ ਕਿਉਂ ਨਹੀਂ ਉਬਲਦਾ*
*ਇੰਨੀ ਧੀਮੇ ਕਿਉਂ ਪੱਕਦੀ ਹੈ ਰੋਟੀ* [7]

ਨਾਰੀ ਕਾਵਿ ਵਿਚ ਸਭ ਤੋਂ ਤਿੱਖਾ ਕਟਾਖਸ ਘਰ ਉੱਪਰ ਹੈ। ਇਹ ਮਰਦਾਵੇਂ ਦਾਬੇ, ਕਠੋਰ ਮਰਦ ਪੱਖੀ ਨੈਤਿਕਤਾ ਨੂੰ ਔਰਤ ਉੱਪਰ ਠੋਸਿਆ ਜਾਣ ਵਾਲਾ ਇਕ ਜ਼ਰੀਆ ਹੈ। ਇਹ ਕਾਵਿ ਘਰ ਨੂੰ ਔਰਤ ਲਈ ਵਲਗਣ, ਬੰਧਨ ਅਤੇ ਪਿਤਾ/ਪਤੀ/ਪੁੱਤਰ ਦੀ ਗੁਲਾਮੀ ਦਾ ਚਿੰਨ੍ਹ ਮੰਨਦਾ ਹੈ ਕਿਉਂਕਿ ਘਰ ਤੋਂ ਬਾਹਰ ਤਾਂ ਔਰਤ ਨਾਲ ਕੁਝ ਵੀ ਵਾਪਰਦਾ ਹੈ ਉਹ ਤਾਂ ਪ੍ਰਤੱਖ ਹੁੰਦਾ ਹੈ ਪਰ ਘਰ ਵਿਚ ਉਸ ਨਾਲ ਜੋ ਕੁਝ ਵਾਪਰਦਾ ਹੈ ਉਸ ਦਮਨ ਦੀਆਂ ਪਰਤਾਂ ਬਹੁਤ ਮਾਰੂ ਹੁੰਦੀਆਂ ਹਨ। ਇਸ ਸਥਿਤੀ ਵਿਚ ਘਰ ਦੀ ਅਸਲੀ ਪਰਿਭਾਸ਼ਾ ਇਸਤਰੀ ਮਨ ਦੇ ਖਿਆਲਾਂ ਵਿਚੋਂ ਬਦਲ ਜਾਂਦੀ ਪ੍ਰਤੀਤ ਹੁੰਦੀ ਹੈ ਜਿਸ ਕਰਕੇ ਘਰ ਨਾਲ ਅਪਣੱਤ ਵਾਲਾ ਅਹਿਸਾਸ ਕਿਧਰੇ ਗੁਆਚ ਜਾਂਦਾ ਪ੍ਰਤੀਤ ਹੁੰਦਾ ਹੈ। ਉਹ ਘਰ ਦੀ ਕੈਦ ਵਿੱਚੋਂ ਰਸਮਾਂ-ਰਿਵਾਜ਼ਾਂ ਦੀਆਂ ਬੇੜੀਆਂ ਪੈਰਾਂ ਵਿਚੋਂ ਕੱਢ ਕੇ ਖੁੱਲ੍ਹੇ ਅਸਮਾਨ ਨੂੰ ਲੋਚਣਾ ਚਾਹੁੰਦੀ ਹੈ। ਨੀਤੂ ਅਰੋੜਾ ਅਤੇ ਮਨਦੀਪ ਔਲਖ ਦੀਆਂ ਇਹ ਕਵਿਤਾਵਾਂ ਕੁਝ ਅਜਿਹੇ ਅਹਿਸਾਸਾਂ ਨੂੰ ਘਰ ਦੇ ਬਿੰਬ ਰਾਂਹੀ ਪ੍ਰਗਟਾਉਂਦੀਆਂ ਹਨ:

*ਘਰ ਜਦੋਂ ਬਹੁਤ ਹੀ ਮੂੰਹ ਜ਼ੋਰ ਹੋ ਜਾਂਦਾ*
*ਤਾਂ ਮੈਂ ਉਸਦਾ ਮੂੰਹ ਚਿੜਾਉਣ ਲਈ*
*ਬੂਹੇ ਤੇ ਜੰਦਰਾ ਮਾਰ ਬਾਹਰ ਨਿਕਲ ਤੁਰਦੀ ਹਾਂ*
*ਬਾਹਰ ਤੁਰੀ ਫਿਰਦੀ ਸੋਚ ਰਹੀ ਹੁੰਦੀ ਹਾਂ*
*ਘਰ ਤੇ ਆਪਣੀ ਜਿੱਤ ਬਾਰੇ*
*ਤੇ ਘਰ ਮੇਰੇ ਨਾਲ-ਨਾਲ ਤੁਰ ਰਿਹਾ ਹੁੰਦਾ।* [8]

*ਇਕ ਲੜਾਈ ਘਰ ਵਿਚ ਵੀ ਲੜੀ ਜਾਂਦੀ ਹੈ*
*ਚਾਵਾਂ ਨੂੰ ਖਾ ਜਾਣ ਵਾਲੀਆਂ*
*ਬੋਦੀਆਂ ਰਸਮਾਂ ਦੇ ਖਿਲਾਫ*
*ਮਰਜ਼ੀ ਦੀ ਜ਼ਿੰਦਗੀ ਦੇ ਰਾਹ 'ਚ ਖੜ੍ਹੇ*
*ਸਮਾਜ ਦੀਆਂ ਸਾਹ-ਘੋਟੂ ਰੀਤਾਂ ਵਿਰੁੱਧ* [9]

ਇਸ ਤਰ੍ਹਾਂ ਨਾਰੀ ਕਵੀਆਂ ਨੇ ਇਸਤਰੀ ਮਨ ਵਿਚ ਉਪਜੇ ਘਰ ਦੇ ਸੰਕਲਪ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਨ ਦਾ ਸੁਚੱਜਾ ਯਤਨ ਕੀਤਾ ਹੈ ਕਿਉਂਕਿ ਘਰ ਵਿਚ ਔਰਤ ਦੀ ਭੂਮਿਕਾ ਪ੍ਰਮੁੱਖ ਹੁੰਦੀ ਹੈ । 'ਘਰ-ਘਰ' ਕਾਵਿ ਪੁਸਤਕ ਵਿਚ ਅਰਤਿੰਦਰ ਸੰਧੂ ਔਰਤ ਦੇ ਮਨ ਵਿਚ ਵਸੇ ਸੁਪਨੇ ਰੂਪੀ ਘਰ ਨੂੰ ਉਸਦੇ ਅਸਲੀ ਬਾਹਰੀ ਘਰ ਨਾਲ ਜੋੜਦੀ ਹੈ ਤਾਂ ਇਹ ਘਰ ਉਸ ਉੱਪਰ ਕਈ ਪ੍ਰਕਾਰ ਦੀਆਂ ਬੰਦਸ਼ਾਂ ਲਾਉਂਦਾ ਨਜ਼ਰ ਆਉਂਦਾ ਹੈ। ਉਸ ਵੇਲੇ ਇਹ ਘਰ ਉਸਦੇ ਸੁਪਨਿਆਂ ਅਤੇ ਅਹਿਸਾਸਾਂ ਨੂੰ ਉਧੇੜਦਾ ਵਿਖਾਈ ਦਿੰਦਾ ਹੈ। ਅਜਿਹੇ ਅਨੁਭਵਾਂ ਨੂੰ ਸਮਕਾਲੀ ਨਾਰੀ ਕਾਵਿ ਪੇਸ਼ ਕਰ ਰਿਹਾ ਹੈ ਜਿਸ ਵਿਚ ਔਰਤ ਦਾ ਘਰ ਨਾਲ ਅਪੱਣਤ ਵਾਲਾ ਅਹਿਸਾਸ ਗੁੰਮ ਗਿਆ ਪ੍ਰਤੀਤ ਹੁੰਦਾ ਹੈ। ਪਿਤਰੀ ਸੱਤਾ ਵਿਚ ਬੰਨਿਆ ਘਰ ਜਦੋਂ ਉਸਦੀ ਆਜ਼ਾਦੀ ਅਤੇ ਵਿਕਾਸ ਦੇ ਰਸਤੇ ਵਿਚ ਰੁਕਾਵਟ ਬਣਦਾ ਪ੍ਰਤੀਤ ਹੁੰਦਾ ਹੈ ਤਾਂ ਉਹ ਉਸ ਲਈ ਉਸਦੇ ਸੁਪਨਿਆਂ ਦਾ ਕਾਤਲ ਬਣ ਜਾਂਦਾ ਹੈ। ਉਸ ਲਈ ਘਰ ਸੁਰੱਖਿਆ, ਸ਼ਾਂਤੀ ਦੀ ਥਾਂ ਨਹੀਂ ਬਲਕਿ ਇੱਕ ਪਿੰਜਰੇ ਵਾਂਗ ਹੈ ਜਿੱਥੇ ਉਸਦਾ ਸਵੈ ਸੀਮਿਤ ਘੇਰੇ ਦੇ ਅੰਦਰ ਸੁੰਗੜ ਕੇ ਰਹਿ ਜਾਂਦਾ ਹੈ। ਨਵੇਂ ਨਾਰੀ ਕਾਵਿ ਵਿਚ ਇਨ੍ਹਾਂ ਨਿਯਮਾਂ ਦਾ ਵਿਰੋਧ ਵੱਡੇ ਪੱਧਰ ਤੇ ਵੇਖਣ ਨੂੰ ਮਿਲਦਾ ਹੈ। ਮਨਜੀਤ ਟਿਵਾਣਾ ਅਤੇ ਅਰਤਿੰਦਰ ਸੰਧੂ ਦੀ ਕਵਿਤਾ ਅਜਿਹੇ ਹੀ ਭਾਵਾਂ ਨੂੰ ਪ੍ਰਗਟਾਉਂਦੀਆਂ ਹਨ:

*ਹੁਣ ਮੈਂ ਇਸ ਘਰ ਦੇ*
*ਸਭ ਦਰਵਾਜ਼ੇ ਖਿੜਕੀਆਂ ਬੰਦ ਕਰ ਲਏ ਨੇ*
*ਕਿਉਂਕਿ ਹਰ ਰਾਤ*
*ਇਸ ਘਰ ਅੰਦਰ ਖ਼ੌਫ਼ ਦਾ ਬਲਬ ਜਗਦਾ ਹੈ*
*ਅੱਜ ਕੱਲ੍ਹ ਤਾਂ ਬਸ ਮੈਂ*
*ਆਪਣੇ ਹੀ ਡਰਾਂ ਨਾਲ ਲੜ ਰਹੀ ਹਾਂ*[10]
*ਕਈ ਵਾਰ ਧਾਰ ਲੈਂਦਾ ਘਰ*
*ਕਿਸੇ ਬਰਮੂਡਾ ਤਿਕੋਣ ਦਾ ਰੂਪ ਵੀ*
*ਜਿੱਥੇ ਸੁਪਨਿਆਂ ਵਿਚ ਲੱਦੇ ਜਹਾਜ਼*
*ਆਸਾਂ ਦੇ ਉੱਡਦੇ ਵਿਮਾਨ*
*ਸਚਮੁੱਚ ਅਲੋਪ ਹੋ ਜਾਂਦੇ*[11]

ਅਮਰਜੀਤ ਘੁੰਮਣ ਪਿਆਰ ਅਤੇ ਸੁਤੰਤਰਤਾ ਨੂੰ ਰਿਸ਼ਤਿਆਂ ਦੀ ਬੁਨਿਆਦ ਮੰਨਦੀ ਹੈ। ਪਰ ਇਹ ਰਿਸ਼ਤੇ ਬੰਦਿਸ਼ਾਂ ਵਿਚ ਬੱਝ ਕੇ ਕਦੇ ਵਿਕਸਤ ਨਹੀਂ ਹੋ ਸਕਦੇ। ਘਰ ਵਰਗੀ ਸੰਸਥਾ ਜਿਸ ਨੂੰ ਔਰਤ ਨੇ ਮੰਦਰ ਵਾਂਗ ਪੂਜਿਆ ਹੈ ਪਰ ਇਹੀ ਘਰ, ਪਰਿਵਾਰ ਅਤੇ ਨੈਤਿਕ ਮਰਿਯਾਦਾ ਵਿਚ ਉਸਨੂੰ ਗੁਲਾਮ ਬਣਾ ਕੇ ਰੱਖਣ ਦਾ ਵਿਧਾਨ ਰਚਿਆ ਜਾਂਦਾ ਹੈ। ਵਿਗਿਆਨ ਦੇ ਇਸ ਯੁੱਗ ਵਿਚ ਵੀ ਉਸਦੀ ਸਮਾਜਿਕ ਸਥਿਤੀ ਵਿਚ ਕੋਈ ਬਹੁਤਾ ਸੁਧਾਰ ਨਹੀਂ ਹੋਇਆ ਹੈ। ਉਸਦੀਆਂ ਦਮ ਘੁੱਟਦੀਆਂ ਸੱਧਰਾਂ ਨੂੰ ਮੁੜ ਜਿਉਂਦਾ ਕਰਨ ਦੇ ਆਹਰ ਵਿਚ ਨਾਰੀ ਕਾਵਿ ਜੁਟਿਆ ਹੈ ਜੋ ਇਹਨਾਂ ਦਾਇਰਿਆਂ ਨੂੰ ਤੋੜਨ ਲਈ ਯਤਨਸ਼ੀਲ ਹੈ।

*ਕਈ ਔਰਤਾਂ*

*ਘਰ'ਚ ਕੋਨਾ ਲੱਭਦੀਆਂ*
*ਬਣ ਜਾਂਦੀਆਂ ਨੇ*
*ਬਸ ਇਕ ਕੋਨਾ।*
*ਅਲਵਿਦਾ ਆਖੀ ਮੈਂ*
*ਕੋਨਾ ਬਣੀ ਮੁਹੱਬਤ ਨੂੰ* [12]

ਇਸ ਤਰ੍ਹਾਂ ਔਰਤ ਦਾ ਆਪਣੇ ਪਿਤਾ-ਪੁਰਖੀ ਘਰ-ਪਰਿਵਾਰ 'ਤੇ ਕਾਨੂੰਨਨ ਕੋਈ ਹੱਕ ਨਹੀਂ ਹੁੰਦਾ। ਅੱਗੇ ਜਾ ਕੇ ਘਰ ਪਰਿਵਾਰ ਦਾ ਹੱਕ ਉਸ ਵੇਲੇ ਤਿੜਕ ਜਾਂਦਾ ਹੈ, ਜਦੋਂ ਉਸਨੂੰ ਵਿਆਹ ਦੇ ਦਾਇਰੇ ਅੰਦਰ ਔਰਤ-ਮਰਦ ਰਿਸ਼ਤੇ ਦੀ ਸਮੀਕਰਣ ਸਮਝ ਆਉਂਦੀ ਹੈ ।ਘਰ/ਪਰਿਵਾਰ ਦੇ ਸਮੂਹ ਵਿੱਚ ਰਹਿੰਦਿਆਂ ਔਰਤ ਇਕੱਲੀ ਅਤੇ ਉਦਾਸ ਹੈ ਕਿਉਂਕਿ ਆਰਥਿਕ ਤੌਰ 'ਤੇ ਮਰਦ ਉੱਪਰ ਨਿਰਭਰ ਹੋਣ ਕਾਰਨ ਔਰਤ ਘਰ ਦੀ ਨਾਂ ਦੀ ਹੀ ਮਾਲਕਣ ਹੈ। ਔਰਤ ਲਈ ਘਰ ਇੱਕ ਅਜਿਹਾ ਸੁਪਨਾ ਹੈ ਜੋ ਕਦੇ ਵੀ ਤਿੜਕ ਸਕਦਾ ਹੈ ਦੂਜੇ ਪਾਸੇ ਮਰਦ ਲਈ ਘਰ ਇੱਕ ਜ਼ਮੀਨੀ ਸੱਚਾਈ ਹੈ। ਘਰ ਦਾ ਉਤਪਾਦਕ ਮੈਂਬਰ ਹੋਣ ਦੇ ਨਾਤੇ ਅਤੇ ਜਾਇਦਾਦ ਦੀ ਮਲਕੀਅਤ ਉਸਦੀ ਹੋਣ ਕਾਰਨ ਘਰ ਉੱਪਰ ਵੀ ਉਸਦਾ ਕਾਨੂੰਨੀ ਹੱਕ ਹੈ। ਜੇਕਰ ਉਹ ਮਹਿਸੂਸ ਕਰਦਾ ਹੈ ਕਿ ਔਰਤ ਦੀ ਭੂਮਿਕਾ ਉਸਦੇ ਅਨੁਸਾਰੀ ਨਹੀਂ ਤਾਂ ਕਦੇ ਵੀ ਉਸਨੂੰ ਘਰ ਵਿਚੋਂ ਖ਼ਾਰਜ ਕਰ ਸਕਦਾ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਨਾਰੀ-ਕਾਵਿ ਇੱਕ ਅਜਿਹੇ ਆਦਰਸ਼ 'ਘਰ' ਦੀ ਸੰਕਲਪਨਾ ਕਰਦਾ ਹੈ, ਜਿੱਥੇ ਨਾਰੀ-ਗੌਰਵ ਅਤੇ ਉਸ ਦਾ ਸੁਤੰਤਰ ਅਸਤਿੱਤਵ ਬਰਕਰਾਰ ਰਹਿ ਸਕੇ। ਅਜਿਹੇ ਘਰ ਵਿੱਚ ਔਰਤ-ਮਰਦ ਦੇ ਸੰਬੰਧ 'ਮਾਲਕ ਅਤੇ ਦਾਸੀ' ਵਾਲੇ ਪਰੰਪਰਕ ਪੈਮਾਨਿਆਂ ਦੀ ਬਜਾਏ ਆਪਸੀ ਸਮਝ, ਸਮਾਨਤਾ ਅਤੇ ਸਾਰਥਕ ਭਾਈਵਾਲੀ 'ਤੇ ਆਧਾਰਿਤ ਹਨ। ਵਿਸ਼ਵੀਕਰਨ ਅਤੇ ਆਧੁਨਿਕ ਪੂੰਜੀਵਾਦੀ ਜੀਵਨ-ਸ਼ੈਲੀ ਕਾਰਨ ਅੱਜ ਘਰ ਅਤੇ ਪਰਿਵਾਰ ਦੇ ਸੰਕਲਪ ਵਿੱਚ ਵੱਡੀ ਤਬਦੀਲੀ ਆਈ ਹੈ; ਘਰ ਹੁਣ ਕੇਵਲ ਸੱਧਰਾਂ ਅਤੇ ਚਾਵਾਂ ਦਾ ਵਸੇਬਾ ਨਾ ਰਹਿ ਕੇ ਇੱਕ ਲੋੜ ਜਾਂ ਵਕਤ ਗੁਜ਼ਾਰਨ ਦੇ ਸਾਧਨ ਵਜੋਂ ਰੂਪਾਂਤਰਿਤ ਹੋ ਰਿਹਾ ਹੈ। ਪਰਿਵਰਤਨ ਦੇ ਇਸ ਦੌਰ ਵਿੱਚ ਔਰਤ ਪ੍ਰਤੀ ਬਣੇ-ਬਣਾਏ ਰੂੜ੍ਹ ਸੰਕਲਪ ਵੀ ਤੇਜ਼ੀ ਨਾਲ ਬਦਲੇ ਹਨ। ਅਜੋਕੀ ਨਾਰੀ ਹੁਣ ਬੰਦ ਚੌਖਟਿਆਂ ਵਿੱਚ ਘਿਰੀ ਹੋਈ ਕੋਈ 'ਨਿਮਾਣੀ' ਜਾਂ 'ਅਬਲਾ' ਨਹੀਂ ਹੈ, ਸਗੋਂ ਉਹ ਪਿੱਤਰ-ਸੱਤਾਤਮਕ ਬੰਦਸ਼ਾਂ ਨੂੰ ਤੋੜਦੀ ਹੋਈ ਮਰਦ ਦੇ ਸਮਾਨਾਂਤਰ ਸਮਾਜਿਕ ਬਰਾਬਰਤਾ ਅਤੇ ਸੁਤੰਤਰਤਾ ਦਾ ਨਵਾਂ ਪ੍ਰਵਚਨ ਸਿਰਜ ਰਹੀ ਹੈ। ਅੰਤ ਵਿੱਚ, ਇਹ ਸਪਸ਼ਟ ਹੁੰਦਾ ਹੈ ਕਿ ਭਾਵੇਂ ਘਰ ਦੇ ਸਰੂਪ ਬਦਲ ਗਏ ਹਨ, ਪਰ ਪਰਿਵਾਰ ਅੱਜ ਵੀ ਸਮਾਜ ਦੀ ਮੂਲ ਇਕਾਈ ਹੈ, ਜਿਸ ਵਿੱਚ ਔਰਤ ਦੀ ਸਨਮਾਨਜਨਕ ਭੂਮਿਕਾ ਤੋਂ ਬਿਨਾਂ ਇੱਕ ਸਿਹਤਮੰਦ ਸਮਾਜਿਕ ਢਾਂਚੇ ਦੀ ਉਸਾਰੀ ਅਸੰਭਵ ਹੈ।

## ਹਵਾਲੇ ਅਤੇ ਟਿੱਪਣੀਆਂ


1. *ਅੰਮ੍ਰਿਤ, ਸੁਖਵਿੰਦਰ (2006) ਧੁੱਪ ਦੀ ਚੁੰਨੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 80*
2. *ਔਲਖ, ਮਨਦੀਪ (2019) ਮਨ ਕਸਤੂਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 28*
3. *ਟਿਵਾਣਾ, ਮਨਜੀਤ.(1995) ਦਰਗਾਹ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ: 39*
4. *ਕਾਲੀ, ਦੇਸ ਰਾਜ (2019) ਹੁਣ ਤੱਕ, ਦੀਪਕ ਪਬਲਿਸ਼ਰਜ਼, ਜਲੰਧਰ, ਪੰਨਾ: 43*
5. *-ਉਹੀ-, ਪੰਨਾ: 243*
6. *ਵਨੀਤਾ (2002) ਖਰਜ਼ ਨਾਦ, ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ: 97*
7. *ਅਰੋੜਾ, ਨੀਤੂ (2008) ਸੁਆਲਾਂ ਦੇ ਸਨਮੁਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 23*
8. *-ਉਹੀ-, ਪੰਨਾ: 19*
9. *ਔਲਖ, ਮਨਦੀਪ (2019), ਮਨ ਕਸਤੂਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ,ਪੰਨਾ: 55*
10. *ਟਿਵਾਣਾ, ਮਨਜੀਤ (1995), ਦਰਗਾਹ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ: 26*
11. *ਸੰਧੂ, ਅਰਤਿੰਦਰ (2012) ਘਰ ਘਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 59*
12. *ਘੁੰਮਣ, ਅਮਰਜੀਤ (2017) ਕਦੰਬ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਪੰਨਾ: 60*



## Cite this Article-

*ਡਾ. ਰੁਪਿੰਦਰ ਕੌਰ (Dr. Rupinder Kaur), ਸਮਕਾਲੀ ਪੰਜਾਬੀ ਨਾਰੀ ਕਾਵਿ ਵਿਚ 'ਘਰ' ਦੇ ਬਿੰਬ ਦੀ ਪੇਸ਼ਕਾਰੀ (Samkali Punjabi Nari Kaavi Vich 'Ghar' De Bimb Di Peshkari), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 100-103.*

*Journal URL:* www.armaan.org.in

*DOI:* https://doi.org/10.64119/armaan.vol.4.issue1.18



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/